ਪੰਜਾਬ ਸਰਕਾਰ

ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ,

(ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ)

## ਅਧਿਸੂਚਨਾ

ਨੰ: ਐਸ.ਸੀ.ਐਸ.ਪੀ.-27/2017/2435, ਮਿਤੀ 16-05-2017 : ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) ਅਤੇ ਵਿਸ਼ੇਸ਼ ਕੇਂਦਰੀ ਸਹਾਇਤਾ (ਐਸ.ਸੀ.ਏ.) ਪ੍ਰੋਗਰਾਮ ਅਧੀਨ ਲਾਗੂ ਕੀਤੀਆਂ ਜਾ ਰਹੀਆਂ ਸਕੀਮਾਂ ਦੀ ਸਮੀਖਿਆ ਅਤੇ ਨਿਰੀਖਣ ਕਰਨ ਲਈ ਹਰ ਇੱਕ ਬਲਾਕ ਵਿੱਚ ਬਲਾਕ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਦਾ ਗਠਨ ਕਰਦੇ ਹਨ। ਇਸ ਕਮੇਟੀ ਦਾ ਸਰੂਪ ਹੇਠ ਅਨੁਸਾਰ ਕਰਦੇ ਹਨ :-

| | | |
|---|---|---|
| 1. | ਉਪ ਮੰਡਲ ਮੈਜਿਸਟ੍ਰੇਟ | ਪ੍ਰਧਾਨ |
| 2. | ਬਲਾਕ ਵਿਕਾਸ ਅਤੇ ਪੰਚਾਇਤ ਅਫਸਰ | ਮੈਂਬਰ |
| 3. | ਸਬੰਧਤ ਤਹਿਸੀਲਦਾਰ | ਮੈਂਬਰ |
| 4. | ਸਬੰਧਤ ਉਪ ਕਪਤਾਨ ਪੁਲਿਸ | ਮੈਂਬਰ |
| 5. | ਪਾਵਰਕਮ ਦੇ ਬਲਾਕ ਪੱਧਰ ਦੇ ਐਸ.ਡੀ.ਓ. | ਮੈਂਬਰ |
| 6. | ਬਾਲ ਵਿਕਾਸ ਅਤੇ ਪ੍ਰੋਜੈਕਟ ਅਫਸਰ | ਮੈਂਬਰ |
| 7. | ਸਬੰਧਤ ਸੀਨੀਅਰ ਮੈਡੀਕਲ ਅਫਸਰ | ਮੈਂਬਰ |
| 8. | ਬਲਾਕ ਸੰਮਤੀ ਦੇ ਸਮੂਹ ਮੈਂਬਰ | ਮੈਂਬਰ |
| 9. | ਅਨੁਸੂਚਿਤ ਜਾਤੀਆਂ ਦੇ ਪੰਜ ਗੈਰ ਸਰਕਾਰੀ ਮੈਂਬਰ, ਜੋ ਕਿ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣਗੇ ਜਿਨ੍ਹਾਂ ਵਿਚੋਂ ਘੱਟ ਘੱਟ ਇੱਕ ਇਸਤਰੀ ਮੈਂਬਰ ਹੋਵੇਗੀ। ਇਨ੍ਹਾਂ ਮੈਂਬਰਾਂ ਦੇ ਸਮੇਂ ਦੀ ਮਿਆਦ 2 ਸਾਲ ਦੀ ਹੋਵੇਗੀ। | ਮੈਂਬਰ |
| 10. | ਤਹਿਸੀਲ ਭਲਾਈ ਅਫਸਰ | ਮੈਂਬਰ ਸਕੱਤਰ |

II. <u>ਕਮੇਟੀ ਦੀਆਂ ਸੀਮਾਵਾਂ ਤੇ ਅਧਿਕਾਰ :-</u>

1. ਕਮੇਟੀ ਵਲੋਂ ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) ਅਤੇ ਵਿਸ਼ੇਸ਼ ਕੇਂਦਰੀ ਸਹਾਇਤਾ (ਐਸ.ਸੀ.ਏ.) ਪ੍ਰੋਗਰਾਮ ਅਧੀਨ ਤਹਿਸੀਲ/ਬਲਾਕ ਪੱਧਰ ਤੇ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਸਮੀਖਿਆ ਅਤੇ ਨਿਰੀਖਣ ਕੀਤਾ ਜਾਵੇਗਾ।
2. ਕਮੇਟੀ ਸਮੀਖਿਆ ਦੇ ਆਧਾਰ ਤੇ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਚਲਾਏ ਜਾ ਰਹੇ ਪ੍ਰੋਗਰਾਮ/ਸਕੀਮਾਂ ਨੂੰ ਹੋਰ ਸੁਚੱਜੇ ਢੰਗ ਨਾਲ ਲਾਗੂ ਕਰਨ ਲਈ ਠੋਸ ਸੁਝਾਅ ਦੇਵੇਗੀ।
3. ਕਮੇਟੀ ਦੀ ਮੀਟਿੰਗ ਹਰ ਤਿਮਾਹੀ ਤੋਂ ਬਾਅਦ ਕੀਤੀ ਜਾਵੇਗੀ।
4. ਗੈਰ-ਸਰਕਾਰੀ ਮੈਂਬਰਾਂ ਨੂੰ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।
5. ਕਮੇਟੀ ਦੀ ਮਿਆਦ ਸਰਕਾਰ ਦੀ ਤਸੱਲੀ ਤੇ ਨਿਰਭਰ ਕਰੇਗੀ।
6. ਕਮੇਟੀ ਦੁਆਰਾ ਐਸ.ਸੀ.ਐਸ.ਪੀ. ਸਕੀਮਾਂ ਅਤੇ ਵਿਸ਼ੇਸ਼ ਕੇਂਦਰੀ ਸਹਾਇਤਾ (ਐਸ.ਸੀ.ਏ.) ਪ੍ਰੋਗਰਾਮ ਨੂੰ ਤਹਿਸੀਲ/ਬਲਾਕ ਪੱਧਰ ਤੇ ਲਾਗੂ ਕਰਨ ਸਬੰਧੀ ਪ੍ਰਗਤੀ ਰਿਪੋਰਟ ਸਬੰਧਤ ਡਿਪਟੀ ਕਮਿਸ਼ਨਰ ਅਤੇ ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਅਨੁਸੂਚਿਤ ਜਾਤੀਆਂ ਸਬ ਪਲਾਨ ਭਲਾਈ ਵਿਭਾਗ, ਪੰਜਾਬ ਨੂੰ ਭੇਜੀ ਜਾਵੇਗੀ।

III. ਅਧਿਸੂਚਨਾ ਨੰ: 3/45/09ਭਸ-6/174, ਮਿਤੀ 8-1-2010 ਨੂੰ ਮਨਸੂਖ ਕੀਤਾ ਜਾਂਦਾ ਹੈ।

ਮਿਤੀ,ਚੰਡੀਗੜ੍ਹ
12 ਮਈ, 2017

ਆਰ. ਵੈਂਕਟ ਰਤਨਮ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ
ਘੱਟ ਗਿਣਤੀ ਵਰਗ ਭਲਾਈ ਵਿਭਾਗ।

ਪਿੱਠਅੰਕਣ ਨੰ: ਐਸ.ਸੀ.ਐਸ.ਪੀ.-27/2017/2436-2479 ਮਿਤੀ 16-05-2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।
2. ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)।

**ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

ਪਿੱਠਅੰਕਣ ਨੰ: ਐਸ.ਸੀ.ਐਸ.ਪੀ.-27/2017/2480-2552 ਮਿਤੀ 16-05-2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਰਾਜ ਦੇ ਸਮੂਹ ਉਪ ਮੰਡਲ ਮੈਜਿਸਟ੍ਰੇਟ- ਰਾਹੀਂ ਡਿਪਟੀ ਕਮਿਸ਼ਨਰਜ਼।
2. ਰਾਜ ਦੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ- ਰਾਹੀਂ ਡਾਇਰੈਕਟਰ, ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਐਸ.ਏ.ਐਸ. ਨਗਰ।
3. ਰਾਜ ਦੇ ਸਮੂਹ ਤਹਿਸੀਲਦਾਰ- ਰਾਹੀਂ ਡਿਪਟੀ ਕਮਿਸ਼ਨਰਜ਼।
4. ਰਾਜ ਦੇ ਸਮੂਹ ਉਪ ਕਪਤਾਨ ਪੁਲਿਸ- ਰਾਹੀਂ ਸੀਨੀਅਰ ਕਪਤਾਨ ਪੁਲਿਸ।
5. ਪਾਵਰਕਮ ਦੇ ਬਲਾਕ ਪੱਧਰ ਦੇ ਉਪ ਮੰਡਲ ਅਫਸਰ- ਰਾਹੀਂ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਪਾਵਰਕਮ, ਪਟਿਆਲਾ।
6. ਰਾਜ ਦੇ ਸਮੂਹ ਬਾਲ ਵਿਕਾਸ ਅਤੇ ਪ੍ਰੋਜੈਕਟ ਅਫਸਰ (ਸੀ.ਡੀ.ਪੀ.ਓ.)-ਰਾਹੀਂ ਡਾਇਰੈਕਟਰ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ।
7. ਰਾਜ ਦੇ ਸਮੂਹ ਸੀਨੀਅਰ ਮੈਡੀਕਲ ਅਫਸਰ- ਰਾਹੀਂ ਡਾਇਰੈਕਟਰ, ਸਿਹਤ ਸੇਵਾਵਾਂ, ਪੰਜਾਬ, ਚੰਡੀਗੜ੍ਹ।
8. ਸਬੰਧਤ ਬਲਾਕ ਸੰਮਤੀ ਦੇ ਸਮੂਹ ਮੈਂਬਰ- ਰਾਹੀਂ ਡਾਇਰੈਕਟਰ, ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਐਸ.ਏ.ਐਸ. ਨਗਰ।
9. ਰਾਜ ਦੇ ਸਮੂਹ ਤਹਿਸੀਲ ਭਲਾਈ ਅਫਸਰ- ਰਾਹੀਂ ਡਾਇਰੈਕਟਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ,ਪੰਜਾਬ,ਚੰਡੀਗੜ੍ਹ।

**ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

ਕਾਪੀ:-

1. ਨਿੱਜੀ ਸਹਾਇਕ/ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ।
2. ਸਮੂਹ ਡਿਪਟੀ ਡਾਇਰੈਕਟਰ, ਐਸ.ਸੀ.ਐਸ.ਪੀ।